# STEEL STRIPS WHEELS LIMITED

STEEL STRIPS GROUP

CIN: L27107PB1985PLC006159
Regd. Office: Village Somalheri/Lehli, P.O Dappar Tehsil Derabassi, Distt. Mohali, Punjab Tel.: +91-172-2793112. Fax: +91-172-2794834
Email: ssl_ssg@glide.net.in. Web Site: www.sswlindia.com

## STATEMENT OF STANDALONE AUDITED FINANCIAL RESULTS FOR THE QUARTER AND YEAR ENDED 31.03.2019

(INR Lacs) Except EPS

| S. No. | PARTICULARS | Quarter ended | | | Year Ended | |
|---|---|---|---|---|---|---|
| | | 31.03.2019<br>Audited | 31.12.2018<br>Unaudited | 31.03.2018<br>Audited | 31.03.2019<br>Audited | 31.03.2018<br>Audited |
| 1. | Total income from operations | 52,664.77 | 48,265.59 | 43,108.06 | 204,118.84 | 155,715.80 |
| 2. | Net Profit / (Loss) for the period (before Tax, Exceptional and/or Extra ordinary items) | 2,562.69 | 2,695.47 | 2,945.74 | 10,888.48 | 9,716.44 |
| 3. | Net Profit / (Loss) for the period before tax (after Exceptional and/or Extra ordianary items) | 2,562.67 | 2,695.47 | 2,945.66 | 10,888.46 | 9,707.62 |
| 4. | Net Profit / (Loss) for the period after tax (after Exceptional and/or Extraordinary items) | 1,991.85 | 1,962.93 | 2,239.52 | 8,235.59 | 7,509.14 |
| 5. | Total Comprehensive Income for the period (Comprising Profit/(loss) for the period(after tax) and Other Comprehensive Income (after tax) | 1,976.74 | 2,008.87 | 2,398.25 | 8,213.94 | 7,575.05 |
| 6. | Equity Share Capital | 1,558.97 | 1,558.97 | 1,555.63 | 1,558.97 | 1,555.63 |
| 7. | Reserves (excluding Revaluation Reserve ) as shown in the audited Balance Sheet of previous year | – | – | – | – | – |
| 8. | Earnings Per Share (of Rs. 10/- each) (for continuing and discontinued operations) | | | | | |
| | Basic | 12.78 | 12.60 | 14.40 | 52.88 | 48.28 |
| | Diluted | 12.18 | 12.02 | 14.37 | 50.74 | 48.18 |

**Note:** The above is an extract of the detailed format of audited quarter and year ended financial results filed with stock exchanges under Regulation 33 of the SEBI(Listing Obligations and Disclosure Requirements) Regulations,2015. The full format of the audited quarter and year ended financial results are available on the web site of the stock exchanges at www.bseindia.com and www.nseindia.com respectively and on the company's website at http://www.sswlindia.com/pages/quarterly_reports.htm

**For STEEL STRIPS WHEELS LIMITED**
**Sd/-**
**ANDRA VEETIL UNNIKRISHNAN**
**DY. MANAGING DIRECTOR**

**Place:Chandigarh**
**Dated:27.05.2019**

FINANCIAL EXPRESS READ TO LEAD Tue, 28 May 2019
epaper.financialexpress.com/c/39813742

# ਤੰਗ ਇਮਾਰਤਾਂ 'ਚ ਚੱਲ ਰਹੇ ਆਈਲੈਟਸ ਸੈਂਟਰ ਦੇ ਰਹੇ ਨੇ ਵੱਡੇ ਹਾਦਸੇ ਨੂੰ ਸੱਦਾ

**ਬਰਨਾਲਾ, 27 ਮਈ (ਰਜਿੰਦਰ ਬਰਾੜ )** : ਬਰਨਾਲਾ ਖੇਤਰ ਵਿੱਚ ਵਿਦੇਸ਼ ਜਾਣ ਦੇ ਚਾਹਵਾਨਾਂ ਦੀ ਵਧਦੀ ਗਿਣਤੀ ਨੂੰ ਦੇਖਦਿਆਂ ਵੱਡੇ ਪੱਧਰ 'ਤੇ ਆਈਲੈਟਸ ਅਤੇ ਇੰਮੀਗ੍ਰੇਸ਼ਨ ਸੈਂਟਰਾਂ ਨੇ ਬਰਨਾਲਾ ਸ਼ਹਿਰ ਦੀਆਂ ਪ੍ਰਸਿੱਧ ਥਾਂਵਾਂ 'ਤੇ ਆਪਣੇ ਡੇਰੇ ਜਮਾਂ ਲਏ ਹਨ। ਇਹਨਾਂ ਸੈਂਟਰਾਂ ਵੱਲੋਂ ਨਗਰ ਸੁਧਾਰ ਟਰੱਸਟ ਦੀਆਂ ਸਕੀਮਾਂ ਵਿੱਚ ਬਣੇ ਐਸ.ਸੀ.ਐਫਾਂ ਨੂੰ ਕਿਰਾਏ 'ਤੇ ਲੈ ਕੇ ਉਨ੍ਹਾਂ ਵਿੱਚ ਬੱਚਿਆਂ ਨੂੰ ਆਈਲੈਟਸ ਦੀਆਂ ਕਲਾਸਾਂ ਲਵਾਈਆਂ ਜਾ ਰਹੀਆਂ ਹਨ। ਜਦਕਿ ਐਸ.ਸੀ.ਐਫ ਵਪਾਰਿਕ ਅਤੇ ਰਹਾਇਸ਼ ਵਜੋਂ ਵਰਤੀ ਜਾਣ ਵਾਲੀ ਥਾਂ ਹੈ ਪਰ ਇਹਨਾਂ ਦੇ ਮਾਲਕਾਂ ਵੱਲੋਂ ਨਗਰ ਸੁਧਾਰ ਟਰੱਸਟ ਦੇ ਅਧਿਕਾਰੀਆਂ ਨਾਲ ਮਿਲੀ ਭੁਗਤ ਕਰਕੇ ਐਸ.ਸੀ.ਐਫ ਨੂੰ ਤਿੰਨ-ਤਿੰਨ ਮੰਜਿਲਾਂ ਛੱਤ ਕੇ ਇਹਨਾਂ ਆਈਲੈਟਸ ਸੈਂਟਰਾਂ ਦੇ ਮਾਲਕਾਂ ਤੋਂ ਲੱਖਾਂ ਰੁਪਏ ਕਿਰਾਏ ਦੇ ਵਸੂਲੇ ਜਾ ਰਹੇ ਹਨ। ਇਹਨਾਂ ਆਈਲੈਟਸ ਸੈਂਟਰਾਂ ਵਾਲਿਆਂ ਵੱਲੋਂ ਵੀ ਬੱਚਿਆਂ ਕੋਲੋ ਮੋਟੀਆਂ ਫੀਸਾਂ ਵਸੂਲੀਆਂ ਜਾ ਰਹੀਆਂ ਹਨ ਪਰ ਬੱਚਿਆਂ ਦੀ ਸੁਰੱਖਿਆ ਲਈ ਨਾ ਤਾਂ ਬਿਲਡਿਗ ਮਾਲਕ ਵੱਲੋਂ ਅਤੇ ਨਾ ਹੀ ਇਹਨਾਂ ਸੈਂਟਰਾਂ ਦੇ ਮਾਲਕਾਂ ਵੱਲੋਂ ਕੋਈ ਪੁਖ਼ਤਾ ਪ੍ਰਬੰਧ ਆਦਿ ਕੀਤੇ ਗਏ ਹਨ।

ਜ਼ਿਕਰਯੋਗ ਹੈ ਕਿ ਇਹਨਾਂ ਆਈਲੈਟਸ ਸੈਂਟਰਾਂ 'ਚ ਅਗਜਨੀ ਵਰਗੀ ਘਟਨਾ ਨੂੰ ਰੋਕਣ ਲਈ ਕੋਈ ਵੀ ਪੁਖਤਾ ਪ੍ਰਬੰਧ ਨਹੀਂ ਹੈ ਅਤੇ ਬਿੰਲਡਿਗ ਵਿੱਚ ਸਿਰਫ਼ ਪਹਿਲੀ ਅਤੇ ਦੂਜੀ ਮੰਜਿਲ ਨੂੰ ਆਉਣ-ਜਾਣ ਵਾਲੀਆਂ ਪੌੜੀਆਂ ਵੀ ਦੋ ਤੋਂ ਢਾਈ ਫੁੱਟ ਹਨ। ਜੇਕਰ ਕਦੇ ਅਗਜਨੀ ਵਰਗੀ ਘਟਨਾ ਵਾਪਰ ਜਾਵੇ ਤਾਂ ਬੱਚਿਆਂ ਦੇ ਭਾਰੀ ਜਾਨ ਮਾਲ ਦਾ ਨੁਕਸਾਨ ਹੋ ਸਕਦਾ ਹੈ। ਜਦ ਇਸ ਸਬੰਧੀ ਫਾਇਰ ਅਫਸਰ ਨਾਲ ਸੰਪਰਕ ਕੀਤਾ ਤਾਂ ਉਹਨਾਂ ਦਾ ਕਹਿਣਾ ਸੀ ਕਿ ਸਾਡੇ ਵੱਲੋਂ ਉਕਤ ਸੈਂਟਰਾਂ ਵਿੱਚ ਫਾਇਰ ਸੇਫਟੀ ਦਾ ਸਹੀ ਪ੍ਰਬੰਧ ਨਾ ਹੋਣ ਕਾਰਨ ਉਕਤ ਸੈਂਟਰਾਂ ਨੂੰ ਕਈ ਵਾਰ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਸਾਡੇ ਵੱਲੋਂ ਕਿਸੇ ਵੀ ਅਜਿਹੇ ਸੈਂਟਰ ਨੂੰ ਐਨ.ਓ.ਸੀ. ਜਾਰੀ ਨਹੀਂ ਕੀਤੀ ਗਈ। ਇਸ ਸੰਬਧੀ ਉਹਨਾਂ ਵੱਲੋਂ ਇਹਨਾਂ ਨੋਟਿਸਾਂ ਬਾਰੇ ਆਪਣੇ ਵਿਭਾਗ ਅਤੇ ਡੀ.ਸੀ. ਬਰਨਾਲਾ ਨੂੰ ਵੀ ਜਾਣੂ ਕਰਵਾਇਆ ਗਿਆ ਹੈ। ਜਦ ਇਸ ਸੰਬਧੀ ਈ.ਓ.ਨਗਰ ਸੁਧਾਰ ਟਰੱਸਟ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਅਜਿਹੀਆਂ ਇਮਾਰਤਾਂ ਜੋ ਬਿਨਾਂ ਨਕਸ਼ਾ ਪਾਸ ਕਰਵਾਏ ਬਣਾਈਆਂ ਗਈਆਂ ਹਨ ਉਹਨਾਂ ਨੂੰ 'ਵਨ ਟਾਇਮ ਸੈਟਲਮੈਂਟ' ਜੋ ਸਰਕਾਰ ਦੀ ਸਕੀਮ ਆਈ ਹੈ ਤਹਿਤ ਨਕਸ਼ਾ ਪਾਸ ਕਰਕੇ ਰੈਗੂਲਰ ਕੀਤਾ ਜਾ ਸਕਦਾ ਹੈ। ਪਰ ਇਮਾਰਤ ਵਿੱਚ ਫਾਇਰ ਸੇਫਟੀ ਦੇ ਢੁੱਕਵੇਂ ਪ੍ਰਬੰਧ ਨਾ ਹੋਣ ਬਾਰੇ ਉਹਨਾਂ ਕੋਲੋਂ ਪੁੱਛੇ ਜਾਣ 'ਤੇ ਉਹਨਾਂ ਟਾਲ-ਮਟੋਲ ਕਰਦਿਆਂ ਕਿਹਾ ਕਿ ਸਾਡੇ ਪਾਸ ਤਾਂ ਅਜੇ ਕੋਈ ਵੀ ਨਕਸ਼ਾ ਪਾਸ ਹੋਣ ਲਈ ਨਹੀਂ ਆਇਆ ਪਰ ਸਾਡੇ ਵੱਲੋਂ ਸਾਰੇ ਅਜਿਹੇ ਐਸ.ਸੀ.ਐਫ. ਮਾਲਕਾਂ ਨੂੰ ਜਿਨ੍ਹਾਂ ਵੱਲੋਂ ਨਾਜਾਇਜ ਉਸਾਰੀ ਕਰਕੇ ਅਜਿਹੀਆਂ ਬਹੁਮੰਜਿਲੀ ਇਮਾਰਤਾਂ ਉਸਾਰੀਆਂ ਗਈਆਂ ਹਨ। ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਜਦ ਇਸ ਸੰਬਧੀ ਡੀ. ਸੀ. ਬਰਨਾਲਾ ਨਾਲ ਸੰਪਰਕ ਕਰਨਾ ਚਾਹਿਆਂ ਤਾਂ ਉਹਨਾਂ ਵੱਲੋਂ ਫੋਨ ਚੁੱਕਣਾ ਵੀ ਮੁਨਾਸਿਵ ਨਾ ਸਮਝਿਆ ਗਿਆ। ਜ਼ਿਕਰਯੋਗ ਹੈ ਕਿ ਜੋ ਉਕਤ ਸੈਂਟਰ ਬਿਨਾਂ ਐਨ.ਓ.ਸੀ. ਤੋਂ ਨਗਰ ਸੁਧਾਰ ਟਰੱਸਟ ਵਿੱਚ ਬਣੀਆਂ ਨਜਾਇਜ ਇਮਾਰਤਾਂ 'ਚ ਚੱਲ ਰਹੇ ਹਨ। ਉਸ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦੀਆਂ ਜਿੰਮੇਵਾਰੀਆਂ ਵੀ ਡੀ.ਸੀ. ਬਰਨਾਲਾ ਨਿਭਾਅ ਰਹੇ ਹਨ ਸੋ ਉਹ ਵੀ ਸੂਰਤ ਅਗਜਨੀ ਕਾਂਡ ਵਾਂਗ ਕਿਸੇ ਵੱਡੇ ਹਾਦਸੇ ਦੇ ਵਾਪਰਨ ਦਾ ਇੰਤਜਾਰ ਕਰ ਰਹੇ ਹਨ।

## ਕਿਸਾਨ ਯੂਨੀਅਨ ਨੇ ਧਰਨਾ ਲਾਇਆ

**ਸ਼ੇਰਪੁਰ, 27 ਮਈ (ਰਣਜੀਤ ਸਿੰਘ)** : ਭਾਕਿਯੂ ਏਕਤਾ ਡਕੌਂਦਾ ਜ਼ਿਲ੍ਹਾ ਬਰਨਾਲਾ ਵੱਲੋਂ ਅੱਜ ਕਸਬਾ ਸ਼ੇਰਪੁਰ ਦੇ ਕਾਤਰੋਂ ਚੌਕ ਵਿੱਚ ਧਰਨਾ ਲਾ ਕੇ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਯੂਨੀਅਨ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਦਰਸ਼ਨ ਉੱਗੋਕੇ ਅਤੇ ਬਲਾਕ ਸ਼ੇਰਪੁਰ ਦੇ ਪ੍ਰਧਾਨ ਬਲਵੰਤ ਸਿੰਘ ਛੰਨਾ ਨੇ ਪ੍ਰੈਸ ਨੂੰ ਦੱਸਿਆ ਕਿ ਕਸਬਾ ਸ਼ੇਰਪੁਰ ਦੇ ਕਿਸਾਨ ਸੁਖਵਿੰਦਰ ਸਿੰਘ ਪੁੱਤਰ ਬਿਕਰ ਸਿੰਘ, ਤਾਇਆ ਕਰਨੈਲ ਸਿੰਘ ਨੇ ਜੀਰੀ ਦੀ ਫ਼ਸਲ ਇੱਕ ਧੂਰੀ ਦੇ ਆੜ੍ਹਤੀਏ ਕੋਲ ਵੇਚੀ ਸੀ। ਜਿਸ ਨੇ ਕਿ ਸਬੰਧਤ ਕਿਸਾਨ ਨੂੰ ਫ਼ਸਲ ਦਾ ਕੋਈ ਪੈਸਾ ਨਹੀਂ ਦਿੱਤਾ।ਉਲਟਾ ਆੜ੍ਹਤੀਏ ਵੱਲੋਂ ਕਿਸਾਨ ਉੱਪਰ 7 ਲੱਖ 28 ਹਜ਼ਾਰ ਰੁਪਏ ਲੈਣ ਦਾ ਕੋਰਟ ਕੇਸ ਕੀਤਾ ਹੋਇਆ ਹੈ ਜੋ ਕਿ ਸਰਾਸਰ ਬੇਬੁਨਿਆਦ ਹੈ। ਜਿਸ ਸਬੰਧ ਵਿੱਚ ਅੱਜ ਕਿਸਾਨ ਨੂੰ ਇਨਸਾਫ਼ ਦਿਵਾਉਣ ਲਈ ਇਹ ਧਰਨਾ ਲਗਾਇਆ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਕਿਸਾਨ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਆਇਆ ਹੋਇਆ ਹੈ ਅਤੇ ਖੁਦਕੁਸ਼ੀ ਕਰਨ ਲਈ ਮਜਬੂਰ ਹੈ। ਉਨ੍ਹਾਂ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਕਿਸਾਨ ਤੇ ਆੜ੍ਹਤੀਏ ਦਾ ਆਪਸੀ ਕੋਈ ਫੈਸਲਾ ਨਹੀਂ ਹੁੰਦਾ ਜਾਂ ਆੜ੍ਹਤੀ ਉੱਪਰ ਕੇਸ ਦਰਜ ਨਹੀਂ ਕੀਤਾ ਗਿਆ ਤਾਂ ਜਥੇਬੰਦੀ ਸੰਘਰਸ਼ ਨੂੰ ਹੋਰ ਤਿੱਖਾ ਕਰੇਗੀ।ਇਸ ਮੌਕੇ ਸਕੱਤਰ ਮਲਕੀਤ ਸਿੰਘ , ਮੀਤ ਪ੍ਰਧਾਨ ਗੁਰਦੇਵ ਸਿੰਘ ਮਾਂਗੇਵਾਲ, ਮੀਤ ਪ੍ਰਧਾਨ ਦਰਸ਼ਨ ਸਿੰਘ ਮਹਿਤਾ, ਸਹਿਣਾ ਬਲਾਕ ਦੇ ਪ੍ਰਧਾਨ ਭੋਲਾ ਸਿੰਘ, ਬਰਨਾਲਾ ਬਲਾਕ ਦੇ ਪ੍ਰਧਾਨ ਪਰਮਿੰਦਰ ਸਿੰਘ ਹੰਡਿਆਇਆ, ਬਲਾਕ ਮਹਿਲ ਕਲਾਂ ਦੇ ਮੀਤ ਪ੍ਰਧਾਨ ਭਾਗ ਸਿੰਘ ਕੁਰੜ ਤੋਂ ਇਲਾਵਾ ਕੇਵਲ ਸਿੰਘ ਸਹੌਰ, ਬਿੰਦਰ ਸਿੰਘ ਜੋਧਪੁਰ ਤੋਂ ਇਲਾਵਾ ਵੱਡੀ ਗਿਣਤੀ ਕਿਸਾਨ ਹਾਜ਼ਰ ਸਨ।

### ਪਰਚਾ ਦਰਜ ਕਰਨ ਦੀ ਕੀਤੀ ਮੰਗ

ਧਰਨੇ ਨੂੰ ਸੰਬੋਧਨ ਕਰ ਰਹੇ ਹਰੇਕ ਆਗੂ ਵੱਲੋਂ ਆੜ੍ਹਤੀਏ ਉੱਪਰ ਪੁਲਿਸ ਪ੍ਰਸ਼ਾਸਨ ਤੋਂ ਪਰਚਾ ਦਰਜ ਕਰਨ ਦੀ ਮੰਗ ਕੀਤੀ ਗਈ। ਆਗੂਆਂ ਵੱਲੋਂ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਗਿਆ ਕਿ ਜੇਕਰ ਸਬੰਧਤ ਆੜ੍ਹਤੀ ਉੱਪਰ ਪਰਚਾ ਦਰਜ ਨਹੀਂ ਹੁੰਦਾ ਤਾਂ ਜਥੇਬੰਦੀਆਂ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਤਾਂ ਜੋ ਕਿਸਾਨ ਨੂੰ ਇਨਸਾਫ਼ ਦਿਵਾਇਆ ਜਾ ਸਕੇ।

## ਘੱਗਰ ਦੇ ਸਥਾਈ ਹੱਲ ਲਈ ਦੇਵਾਂਗੇ ਧਰਨੇ : ਰਾਜਾ ਵੜਿੰਗ

**ਮਾਨਸਾ, 27 ਮਈ (ਗੁਰਜੀਤ ਸ਼ੀਂਹ)** : ਪੰਜਾਬ 'ਚ ਹੋਈਆਂ ਲੋਕ ਸਭਾ ਚੋਣਾਂ 'ਚ ਬਾਦਲ ਪਰਿਵਾਰ ਜ਼ਰੂਰ ਜਿੱਤਿਆ ਪਰ ਅਕਾਲੀ ਦਲ ਪੰਜਾਬ ਦੇ ਲੋਕਾਂ ਨੇ ਬੁਰੀ ਤਰ੍ਹਾਂ ਹਰਾ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦੋ ਢਾਈ ਸਾਲਾਂ ਦੇ ਰਾਜ 'ਚ ਉਹਨਾਂ ਦੀਆਂ ਵਿਕਾਸ ਨੀਤੀਆਂ 'ਤੇ ਮੋਹਰ ਲਾਈ ਹੈ। ਇਹ ਪ੍ਰਗਟਾਵਾ ਬਠਿੰਡਾ ਲੋਕ ਸਭਾ ਹਲਕਾ ਤੋਂ ਕਾਂਗਰਸ ਪਾਰਟੀ ਦੇ ਚੋਣ ਹਾਰ ਚੁੱਕੇ ਆਲ ਇੰਡੀਆ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਗਿੱਦੜਬਾਹਾ ਹਲਕੇ ਤੋਂ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਿੰਡ ਮੋਫਰ ਵਿਖੇ ਹਲਕਾ ਸਰਦੂਲਗੜ੍ਹ ਵਾਸੀਆਂ ਦਾ ਧੰਨਵਾਦ ਕਰਨ ਸਮੇਂ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਮੇਰੇ ਮਨ 'ਚ ਹਰ ਵੇਲੇ ਇਸ ਇਲਾਕੇ ਦਾ ਮੁੱਖ ਮੁੱਦਾ ਘੱਗਰ ਦੇ ਜ਼ਹਿਰੀਲੇ ਪਾਣੀ ਦਾ ਆਉਂਦਾ ਹੈ ਜਿਸਦੇ ਸਥਾਈ ਹੱਲ ਲਈ ਮੇਰੇ ਪਿਤਾ ਸਮਾਨ ਅਜੀਤਇੰਦਰ ਸਿੰਘ ਮੋਫਰ ਦੀ ਸਲਾਹ ਨਾਲ ਜਿਵੇਂ ਵੀ ਹੱਲ ਹੁੰਦਾ ਹੋਇਆ ਇੱਕ ਮਹੀਨੇ 'ਚ ਕਰਨ ਦੀ ਕੋਸ਼ਿਸ਼ ਕਰਾਂਗਾ। ਚਾਹੇ ਕੇਂਦਰ ਸਰਕਾਰ ਖਿਲਾਫ਼ ਧਰਨੇ ਲਾਉਣੇ ਪੈਣ ਚਾਹੇ ਕੋਈ ਹੋਰ ਅਰਜੋਈ ਕਰਨੀ ਪਵੇ, ਇਹ ਮਸਲਾ ਪਹਿਲ ਦੇ ਅਧਾਰ 'ਤੇ ਹੱਲ ਕਰਾਂਗੇ। ਇਸ ਮੌਕੇ ਸਾਬਕਾ ਵਿਧਾਇਕ ਅਜੀਤਇੰਦਰ ਸਿੰਘ ਮੋਫਰ ਨੇ ਰਾਜਾ ਵੜਿੰਗ ਦਾ ਸਵਾਗਤ ਕਰਦਿਆਂ ਕਿਹਾ ਕਿ ਹਲਕੇ ਦੇ ਹਰ ਪੱਖੋ ਵਿਕਾਸ ਲਈ ਤੁਹਾਡੇ ਨਾਲ ਮਿਲਕੇ ਵਿਕਾਸ ਕਰਾਂਗੇ ਅਤੇ ਆਉਣ ਵਾਲੇ ਸਮੇਂ 'ਚ ਆਪਣਾ ਹੋਰ ਅਧਾਰ ਬਣਾ ਕੇ ਤੁਹਾਨੂੰ ਇੱਥੋ ਮੁੜ ਕਾਮਯਾਬ ਬਣਾਉਣ ਲਈ ਮਿਹਨਤ ਕਰਾਂਗੇ। ਇਸ ਮੌਕੇ ਸਤਪਾਲ ਵਰਮਾ, ਜਗਸੀਰ ਸਿੰਘ ਮੀਰਪੁਰ, ਦਰਸ਼ਨ ਗਰਗ, ਪਰਮਜੀਤ ਮਾਖਾ, ਸੁੱਖਾ ਭਾਊ, ਮਲਕੀਤ ਸੋਨੀ, ਸਰਜੀਵਨ ਝੰਡੂਕੇ, ਕੁਲਦੀਪ ਸਿੰਘ ਫੱਤਾ ਮਾਲੋਕਾ, ਸੌਫੀ ਸਾਧੂਵਾਲਾ, ਅਮਨ ਵਰਮਾ, ਸੁਰੇਸ਼ ਨੰਦਗੜੀਆਂ, ਜਸਵਿੰਦਰ ਸਿੰਘ ਮਾਨ, ਜੀਵਨ ਕੋਰਵਾਲਾ, ਵਿਨੋਦ ਸਿੰਗਲਾ ਝੁਨੀਰ, ਨਰਸੀ ਸਿੰਘ, ਬਿੰਦਰ ਦਾਨੇਵਾਲਾ, ਪ੍ਰਧਾਨ ਰਾਮ ਸਿੰਘ, ਟੇਕ ਸਿੰਘ ਬੀਰੇਵਾਲਾ ਜੱਟਾਂ, ਰਾਜਵੰਤ ਝੇਰਿਆਂਵਾਲੀ, ਜ਼ਿਲਾਂ ਪ੍ਰੀਸ਼ਦ ਮੈਂਬਰ ਗੁਰਮੀਤ ਕੌਰ ਨੰਗਲ ਕਲਾਂ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਮਰੀਕ ਸਿੰਘ ਢਿੱਲੋ, ਸਰਪੰਚ ਪੋਹਲੋਜੀਤ ਸਿੰਘ, ਅਜੈਬ ਸਿੰਘ ਚਚੋਹਰ, ਬਾਬਾ ਕੇਵਲ ਦਾਸ ਡੂੰਮ, ਸਰਪੰਚ ਅਮਨਗੁਰਵੀਰ ਸਿੰਘ ਝੁਨੀਰ, ਮੋਹਨ ਸਿੰਘ ਭੰਮੇਕਲਾਂ, ਜਸਪ੍ਰੀਤ ਫਤਹਿਪੁਰ, ਸਰਪੰਚ ਰਣਜੀਤ ਸਿੰਘ, ਸਰਪੰਚ ਮੰਗਾ ਸਿੰਘ ਮਾਖਾ ਆਦਿ ਤੋਂ ਇਲਾਵਾ ਸੈਂਕੜੇ ਸਰਦੂਲਗੜ੍ਹ ਹਲਕੇ ਦੇ ਪੰਚ-ਸਰਪੰਚ ਅਤੇ ਕਾਂਗਰਸੀ ਵਰਕਰ ਹਾਜ਼ਰ ਸਨ।

## ਛੇਵੇਂ ਪਾਤਸ਼ਾਹ ਦਾ ਗੁਰਿਆਈ ਪੁਰਬ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਮਨਾਇਆ

**ਅੰਮ੍ਰਿਤਸਰ, 27 ਮਈ (ਕੁੰਦਰਾ)** : ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਆਈ ਪੁਰਬ ਪੂਰੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਮੱਲ ਅਖਾੜਾ ਪਾਤਸ਼ਾਹੀ ਛੇਵੀਂ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਸ਼ੇਰਾਂ ਵਾਲਾ ਗੇਟ ਵਿਖੇ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ ਮੁਖੀ ਬੁੱਢਾ ਦਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਸ਼ੇਸ਼ ਗੁਰਮਤਿ ਸਮਾਗਮ ਕਰਕੇ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ।



ਭਾਈ ਗੁਰਲਾਲ ਸਿੰਘ ਮੁਖ ਗ੍ਰੰਥੀ ਨੇ ਕਥਾ ਰਾਹੀਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਵਖਿਆਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ, ਭਾਈ ਲਖਵਿੰਦਰ ਸਿੰਘ ਬੇਦੀ ਰਾਗੀ ਜਥਾ ਜਲੰਧਰ, ਭਾਈ ਨਿਰਵੈਰ ਸਿੰਘ ਦੇ ਰਾਗੀ ਜੱਥਿਆਂ, ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ।

ਇਸ ਮੌਕੇ ਬੁੱਢਾ ਦਲ ਦੇ ਸਕੱਤਰ ਬਾਬਾ ਦਿਲਜੀਤ ਸਿੰਘ ਬੇਦੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਗੁਰਆਈ ਦਾ ਸਮਾਂ ਇਤਿਹਾਸ ਵਿੱਚ ਬੜਾ ਅਨੋਖਾ, ਨਵੇਕਲਾ ਤੇ ਚੁਨੌਤੀਆਂ ਭਰਪੂਰ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ 'ਚ 'ਮੀਰੀ ਪੀਰੀ' ਦਾ ਸਿਧਾਂਤ ਪ੍ਰਗਟ ਹੋਇਆ, ਅਕਾਲ ਤਖਤ ਸਾਹਿਬ ਦੀ ਸਿਰਜਨਾ ਹੋਈ। ਕਲਗੀ ਸਜਾਉਣੀ, ਘੋੜੇ ਤੇ ਸ਼ਸਤਰ ਬਸਤਰ ਰੱਖਣੇ ਨਵੇਂ ਇਨਕਲਾਬ ਦੀ ਸਥਾਪਨਾ ਸੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸੰਗਤ ਨੂੰ ਜਥੇਬੰਦਕ ਸਰੂਪ ਪ੍ਰਦਾਨ ਕੀਤਾ। ਗੁਰੂ ਸਾਹਿਬ ਨੂੰ ਮਾਨਵਤਾ ਦੀ ਧਾਰਮਿਕ, ਸਮਾਜਿਕ ਸੁਤੰਤਰਤਾ, ਬਰਾਬਰੀ, ਸਵੈਮਾਨ ਨੂੰ ਬਹਾਲ ਕਰਨ ਰੱਖਣ ਲਈ ਚਾਰ ਯੁੱਧ ਲੜਨੇ ਪਏ।

ਹਮਲਾਵਰਾਂ-ਜਾਬਰਾਂ ਜ਼ਾਲਮਾਂ ਦਾ ਮੁਕਾਬਲਾ ਕਰਨ ਲਈ ਮੈਦਾਨ 'ਚ ਨਿਤਰੇ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਪਰਉਪਕਾਰੀ ਬਡ ਯੋਧੇ ਸਨ, ਉਹ ਚੰਗੇ ਗ੍ਰਹਿਸਤੀ, ਚੰਗੇ ਸੰਤ ਸਿਪਾਹੀ, ਦੂਰਦਰਸ਼ੀ ਆਗੂ ਸਨ। ਉਨ੍ਹਾਂ ਸਮੁੱਚੀ ਸੰਗਤ ਨੂੰ ਅਪੀਲ ਕੀਤੀ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਬਹੁਪਰਤੀ ਜੀਵਨ ਤੋਂ ਸੇਧ ਪ੍ਰਾਪਤ ਕਰਨੀ ਚਾਹੀਦੀ ਹੈ। ਇਸ ਗੁਰਮਤਿ ਸਮਾਗਮ ਵਿੱਚ ਬੁਰਜ ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਦੇ ਮਹੰਤ ਬਾਬਾ ਭਗਤ ਸਿੰਘ, ਬਾਬਾ ਦਲਜੀਤ ਸਿੰਘ ਦੁੱਲਾ ਬਠਿੰਡਾ, ਗੁਰਦੇਵ ਸਿੰਘ ਛੇਹਰਟਾ, ਅਮਨਪ੍ਰੀਤ ਸਿੰਘ,ਭਾਈ ਮਿੰਟੂ ਸਿੰਘ,ਭਾਈ ਮੰਗਲ ਸਿੰਘ,ਕਥਾਵਾਚਕ ਗਿਆਨੀ ਗੁਰਦੀਪ ਸਿੰਘ ਮੱਲਣ, ਹਰੀ ਸਿੰਘ, ਭਾਈ ਦਿਲਬਾਗ ਸਿੰਘ ਆਦਿ ਹਾਜ਼ਰ ਸਨ।

## ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਮੌਕੇ ਪੰਜਾਬ ਸਰਕਾਰ ਪੱਕੀ ਛੁੱਟੀ ਐਲਾਨੇ : ਸੰਜੇ ਕੁਮਾਰ

**ਜਗਰਾਓ,ਹਠੂਰ, 27 ਮਈ (ਕੌਸ਼ਲ ਮੱਲ੍ਹਾ)**: ਆਲ-ਇੰਡੀਆ ਭਾਰਤ ਵਿਕਾਸ ਨੌਜਵਾਨ ਸਭਾ ਦੇ ਚੇਅਰਮੈਨ ਸੰਜੇ ਕੁਮਾਰ ਬੱਬਾ ਦੀ ਅਗਵਾਈ ਹੇਠ ਜਗਰਾਉਂ ਵਿਖੇ ਇਨਕਲਾਬੀ ਸਮਾਗਮ ਕਰਵਾਇਆ ਗਿਆ।ਇਸ ਮੌਕੇ ਉਨ੍ਹਾ ਬੋਲਦਿਆ ਕਿਹਾ ਕਿ ਦੇਸ਼ ਦੀ ਅਜ਼ਾਦੀ ਲਈ 88 ਵਰ੍ਹੇ ਪਹਿਲਾਂ ਹੱਸ-ਹੱਸ ਕੇ ਫਾਂਸੀ ਦਾ ਰੱਸਾ ਚੁੰਮਣ ਵਾਲੇ ਮਹਾਨ ਸ਼ਹੀਦਾਂ ਸ੍ਰ.ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਕੇਦਰ ਸਰਕਾਰ ਵੱਲੋ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਜਾਵੇ। ਉਨ੍ਹਾ ਕਿਹਾ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਭਗਤ ਸਿੰਘ ਹੋਰਾਂ ਦੇ ਨਾਮ ਉਪਰੋ ਹਮੇਸ਼ਾ ਹੀ ਸਿਆਸੀ ਲਾਹਾ ਲਿਆ ਹੈ ਅਤੇ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਵੱਲ ਕੋਈ ਧਿਆਨ ਨਹੀਂ ਦਿੱਤਾ। ਸਗੋਂ ਉਹਨਾਂ ਦੇ ਸ਼ਹੀਦੀ ਦਿਹਾੜੇ ਮੌਕੇ ਹੁੰਦੀ ਸਰਕਾਰੀ ਛੁੱਟੀ ਵੀ ਬੰਦ ਕਰ ਦਿੱਤੀ ਗਈ ਹੈ ਅਤੇ ਅੱਜ ਤੱਕ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਕੌਮੀ ਸ਼ਹੀਦ ਤੱਕ ਨਹੀਂ ਮੰਨਿਆਂ ਗਿਆ। ਜਿਸ ਦਾ ਨੌਜਵਾਨਾਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਮੰਗ ਕੀਤੀ ਕਿ ਇਹਨਾਂ ਅਜ਼ਾਦੀ ਦੇ ਪ੍ਰਵਾਨਿਆਂ ਦੇ ਸ਼ਹੀਦੀ ਦਿਹਾੜੇ ਮੌਕੇ ਸਰਕਾਰੀ ਛੁੱਟੀ ਐਲਾਨੀ ਜਾਵੇ ਅਤੇ ਵਿਧਾਨ ਸਭਾ ਅਤੇ ਸੰਸਦ ਵਿੱਚ ਮਤਾ ਪਾਸ ਕਰਕੇ ਇਹਨਾਂ ਸ਼ਹੀਦਾਂ ਨੂੰ ਕੌਮੀ ਸ਼ਹੀਦ ਐਲਾਨਿਆਂ ਜਾਵੇ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਭੱਲਾ, ਫੈਡਰੇਸ਼ਨ ਏਟਕ ਦੇ ਸੂਬਾ ਮੀਤ ਪ੍ਰਧਾਨ ਭੁਪਿੰਦਰਪਾਲ ਸਿੰਘ ਬਰਾੜ, ਟਰੱਕ ਯੂਨੀਅਨ ਦੇ ਆਗੂ ਬਲਵੀਰ ਸਿੰਘ, ਜੋਗਿੰਦਰ ਕੁਮਾਰ ਚੀਮਨਾਂ, ਬਲਦੇਵ ਸਿੰਘ ਢੋਲਣ, ਹਰਦੀਪ ਸਿੰਘ, ਜਗਤਾਰ ਸਿੰਘ ਚੀਮਨਾਂ, ਪ੍ਰਧਾਨ ਜਿੰਦਰਪਾਲ ਧੀਮਾਨ ਆਦਿ ਨੇ ਵੀ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਮਾਰਗ ਦਰਸ਼ਨ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਇਸ ਮੌਕੇ ਇਕੱਠੇ ਹੋਏ ਨੌਜੁਆਨਾਂ ਵੱਲੋਂ ਸ਼ਹਿਰ ਦੇ ਮੁੱਖ ਬੱਸ ਅੱਡੇ ਤੱਕ ਜਾਗ੍ਰਿਤੀ ਮਾਰਚ ਵੀ ਕੱਢਿਆ ਗਿਆ ਅਤੇ ਇਨਕਲਾਬੀ ਨਾਅਰੇ ਵੀ ਲਗਾਏ ਗਏ। ਇਸ ਮੌਕੇ ਉਨ੍ਹਾ ਨਾਲ ਪ੍ਰਦੀਪ ਕੁਮਾਰ ਜੈਨ, ਮਾਣਾ ਗਿੱਲ, ਅਮਨ, ਗੁਰਪ੍ਰੀਤ ਸਿਵੀਆ, ਨੰਬਰਦਾਰ ਬਲਜੀਤ ਸਿੰਘ, ਰਾਜੂ ਬਾਬਾ, ਹੈਪੀ ਕੋਠੇ ਸ਼ੇਰ ਜੰਗ, ਨੋਨੀ ਮਲਕ, ਕਾਨੂੰਗੋ ਦਿਲਬਾਗ ਸਿੰਘ, ਯੋਗੇਸ਼ ਕੁਮਾਰ, ਗੁਰਤੇਜ ਸਿੰਘ ਢੋਲਣ ਆਦਿ ਵੀ ਹਾਜ਼ਰ ਸਨ।

ਅੱਜ ਭੋਗ 'ਤੇ ਵਿਸ਼ੇਸ਼

## ਬੜੇ ਨੇਕ ਸੁਭਾਅ ਦੇ ਸਨ ਮਾਤਾ ਜੋਗਿੰਦਰ ਕੌਰ

**ਲੌਂਗੋਵਾਲ** : ਕਾ. ਪ੍ਰੀਤਮ ਸਿੰਘ ਆਹਲੂਵਾਲੀਆ ਦੀ ਧਰਮ ਪਤਨੀ ਮਾਤਾ ਜੋਗਿੰਦਰ ਕੌਰ ਜੋ ਬੀਤੇ ਦਿਨੀਂ ਸਦੀਵੀਂ ਵਿਛੋੜਾ ਦੇ ਗਏ ਸਨ। ਉਹਨਾਂ ਨਮਿਤ ਸ਼ਰਧਾਂਜਲੀ ਸਮਾਗਮ 28 ਮਈ ਦਿਨ ਮੰਗਲਵਾਰ ਗੁਰਦੁਆਰਾ ਸਿੱਧ ਸਮਾਧਾਂ ਕੇਹਰ ਸਿੰਘ ਪਿੰਡੀ ਰੋਡ 'ਤੇ 12 ਤੋਂ 1 ਵਜੇ ਤੱਕ ਹੋਵੇਗਾ।



ਮਾਤਾ ਜੋਗਿੰਦਰ ਕੌਰ ਬਹੁਤ ਹੀ ਸਾਊ ਸੁਭਾਅ ਦੇ ਮਾਲਕ ਸਨ ਅਤੇ ਕਾ. ਪ੍ਰੀਤਮ ਸਿੰਘ ਪਾਰਟੀ ਬ੍ਰਾਂਚ ਰੰਧਾਵਾ ਪੱਤੀ ਦੇ ਸਕੱਤਰ ਹੋਣ ਦੇ ਨਾਤੇ ਜਦੋਂ ਕਦੇ ਵੀ ਉਨ੍ਹਾਂ ਘਰ ਪਾਰਟੀ ਮੀਟਿੰਗ ਹੋਇਆ ਕਰਦੀ ਸੀ ਤਾਂ ਮਾਤਾ ਜੀ ਖਿੜੇ ਮੱਥੇ ਕਾ. ਬੰਤ ਸਿੰਘ ਨਮੋਲ, ਭਰਭੂਰ ਸਿੰਘ ਦੂੱਗਾ, ਮੱਘਰ ਸਿੰਘ ਭੁਲਰ ਤੇ ਹੋਰ ਪਾਰਟੀ ਲੀਡਰਾਂ ਤੇ ਵਰਕਰਾਂ ਨੂੰ ਪ੍ਰਸ਼ਾਦਾ-ਪਾਣੀ ਬੜੀ ਖੁਸ਼ੀ ਨਾਲ ਛਕਾਇਆ ਕਰਦੇ ਸਨ। ਕਾ. ਪ੍ਰੀਤਮ ਸਿੰਘ , ਮਾ. ਕਾਲੀਚਰਨ ਕੌਸ਼ਿਕ ਅਤੇ ਹੋਰ ਪਾਰਟੀ ਲੀਡਰਾਂ ਦੀ ਪ੍ਰੇਰਨਾ ਸਦਕਾ ਉਹ ਪਾਰਟੀ ਦੇ ਮੈਂਬਰ ਬਣੇ ਅਤੇ ਮਾਤਾ ਜੀ ਵੀ ਪਾਰਟੀ ਪ੍ਰਤੀ ਪੂਰੇ ਵਫਾਦਾਰ ਰਹੇ। ਕਾ. ਕਾਲੀਚਰਨ ਕੌਸ਼ਿਕ ਨੇ ਕਾ. ਪ੍ਰੀਤਮ ਸਿੰਘ ਨੂੰ ਸਕੂਲ ਵਿੱਚ ਨੌਕਰੀ ਲਗਵਾਈ ਤਾਂ ਜੋ ਪਰਿਵਾਰ ਦਾ ਗੁਜਾਰਾ ਸਹੀ ਢੰਗ ਨਾਲ ਹੁੰਦਾ ਰਹੇ। ਮਾਤਾ ਜੀ ਆਪਣੇ ਪਿੱਛੇ ਕੁਲਦੀਪ ਸਿੰਘ, ਜਗਦੇਵ ਸਿੰਘ, ਜਗਤਾਰ ਸਿੰਘ ਬੇਟੇ ਛੱਡ ਗਏ ਹਨ। ਸਾਰੇ ਸਾਥੀਆਂ ਤੇ ਹਮਦਰਦਾਂ ਨੂੰ ਸਿੱਧ ਸਮਾਧਾਂ ਵਿਖੇ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਗਈ ਹੈ।

**ਕਾ. ਭਰਪੂਰ ਸਿੰਘ ਦੁੱਗਾਂ**

## ਵਿਦਿਆਰਥਣ ਨੂੰ ਪੰਜਾਹ ਹਜ਼ਾਰ ਰੁਪੈ ਦਾ ਇਨਾਮ ਮਿਲਿਆ

**ਕਾਦੀਆਂ, 27 ਮਈ (ਪ.ਪ.)** : 'ਕੌਣ ਬਣੇਗਾ ਗੁਰਮੁਖ ਸਿੱਖ ਪਿਆਰਾ' ਦੇ ਗਰੈਂਡ ਫ਼ਿਨਾਲੇ ਰਾਉਂਡ ਵਿੱਚ ਨਵ-ਚੇਤਨ ਸਕੂਲ ਦੀ ਵਿਦਿਆਰਥਣ ਜਗਜੀਤ ਕੌਰ ਸਪੁੱਤਰੀ ਗੁਰਨਾਮ ਸਿੰਘ ਨਿਵਾਸੀ ਪਿੰਡ ਭੰਗਵਾ ਨੇ ਤੀਜਾ ਸਥਾਨ ਹਾਸਿਲ ਕਰਕੇ ਪੰਜਾਹ ਹਜ਼ਾਰ ਰੁਪੈ ਦਾ ਇਨਾਮ ਜਿੱਤਿਆ ਹੈ। ਸਕੂਲ ਦੀ ਪ੍ਰਿੰ. ਰਛਪਾਲ ਕੌਰ ਨੇ ਦੱਸਿਆ ਕਿ ਸ਼੍ਰੀ ਗੁਰੂ ਨਾਨਕ ਨਿਸ਼ਕਾਮ ਸੇਵਕ ਜੱਥਾ ਜੰਮੂ ਅਤੇ ਗੁਰੂ ਨਾਨਕ ਇੰਟਰਨੈਸ਼ਨਲ ਕੀਰਤਨ ਕੌਂਸਲ ਵੱਲੋਂ ਧਾਰਮਿਕ ਮੁਕਾਬਲਾ ਕਰਵਾਇਆ ਗਿਆ। ਜਿੱਸ ਵਿੱਚ 10 ਰਾਜਾਂ ਦੇ 70 ਹਜ਼ਾਰ ਬੱਚਿਆਂ ਨੇ ਹਿੱਸਾ ਲਿਆ। ਚੁਣੇ ਗਏ ਪਹਿਲੇ 25 ਬਚਿਆਂ 'ਚ ਇਸ ਸਕੂਲ ਦੀਆਂ ਦੋ ਵਿਦਿਆਰਥਣਾਂ ਜਗਜੀਤ ਕੌਰ (ਅਠਵੀਂ) ਤੇ ਮਨਵੀਰ ਕੌਰ (ਛੇਵੀਂ) ਸ਼ਾਮਿਲ ਸਨ। ਜਗਜੀਤ ਕੌਰ ਫਾਈਨਲ ਮੁਕਾਬਲੇ 'ਚ ਤੀਜੇ ਸਥਾਨ 'ਤੇ ਰਹੀ ਤੇ 50 ਹਜ਼ਾਰ ਰੁਪੈ ਦਾ ਇਨਾਮ ਜਿੱਤਿਆ। ਜਦਕਿ ਮਨਵੀਰ ਕੌਰ ਨੇ 10 ਹਜ਼ਾਰ ਰੁਪੈ ਦਾ ਇਨਾਮ ਪ੍ਰਾਪਤ ਕੀਤਾ। ਸਕੂਲ ਪ੍ਰਬੰਧਕਾਂ ਵੱਲੋਂ ਕੌਂਸਲ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।

## ਵਾਰਡ ਨੰਬਰ 4 ਦੇ ਲੋਕ ਪੀਣ ਵਾਲੇ ਪਾਣੀ ਦੀ ਨਾਮਾਤਰ ਸਪਲਾਈ ਤੋਂ ਦੁਖੀ : ਕਾਮਰੇਡ ਮਹਿੰਗ ਰਾਮ

**ਨੰਗਲ, 27 ਮਈ (ਸੁਰਜੀਤ ਸਿੰਘ)** : ਨੰਗਲ ਸ਼ਹਿਰ ਭਾਖੜਾ ਡੈਮ ਦੇ ਬਨਣ ਨਾਲ ਹੋਂਦ ਵਿੱਚ ਆਇਆ ਸੀ ਜਿਸ ਦਾ ਉਦਘਾਟਨ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ 1963 ਵਿੱਚ ਕਰਦਿਆਂ ਕਿਹਾ ਸੀ ਕਿ ਨਵੇਂ ਭਾਰਤ ਦਾ ਤੀਰਥ ਅਸਥਾਨ ਬਣੇਗਾ। ਸੱਚ ਮੁੱਚ ਉਤਰੀ ਭਾਰਤ ਦੀ ਤਰੱਕੀ ਵਿਚ ਭਾਖੜਾ ਡੈਮ ਦਾ ਸਿੰਚਾਈ, ਬਿਜਲੀ ਪੈਦਾਵਾਰ ਕਰਕੇ ਬਹੁਤ ਵੱਡਾ ਰੋਲ ਹੈ। ਪਰ ਅੱਜ ਹਰ ਪਾਸੇ ਸਤਲੁਜ ਦਰਿਆ ਅਤੇ ਦੋ ਨਹਿਰਾਂ ਨਾਲ ਘਿਰੇ ਨੰਗਲ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਦਿੱਕਤ ਪਾਈ ਜਾ ਰਹੀ ਹੈ। ਜ਼ਾਹਿਰ ਹੈ ਕਿ ਨਾਲ ਲੱਗਦੇ ਨਵਾਂ ਨੰਗਲ ਜੋ ਕਿ ਨੈਸ਼ਨਲ ਫਰਟੀਲਾਈਜਰ ਖਾਦ ਫੈਕਟਰੀ ਕਰਕੇ ਹੋਂਦ ਵਿੱਚ ਆਇਆ ਸੀ। ਸਾਰਾ ਦਿਨ ਬਿਜਲੀ ਤੇ ਪੀਣ ਵਾਲੇ ਪਾਣੀ ਦੀ ਸਪਲਾਈ ਹੈ ਤਾਂ ਪੁਰਾਣੇ ਤੇ ਨੰਗਲ ਵਿਖੇ ਕਿਉਂ ਸੰਭਵ ਨਹੀਂ। ਵਾਰਡ ਨੰਬਰ ਚਾਰ ਦੇ ਵਾਸੀ ਕਾਮਰੇਡ ਮਹਿੰਗਾ ਰਾਮ ਐਮ ਏ ਨੇ ਦੱਸਿਆ ਕਿ ਮਿਊਂਸੀਪਲ ਕੌਂਸਲ ਨੰਗਲ ਨੂੰ ਹਰ ਸਾਲ ਗਰਮੀਆਂ ਵਿੱਚ ਵਾਰਡ ਨੰਬਰ ਚਾਰ ਦੇ ਲੋਕਾਂ ਵੱਲੋਂ ਸ਼ਿਕਾਇਤਾਂ ਕੀਤੀਆਂ ਜਾਂਦੀਆਂ ਹਨ, ਤਾਂ ਉਹ ਪਾਣੀਆਂ ਦੀਆਂ ਟੈਂਕੀਆਂ ਵਿੱਚ ਚੜਾਉਣ ਲਈ ਲਾਏ ਟੂਲੂ ਪੰਪ ਮੋਟਰਾਂ ਤਾਂ ਉਤਾਰ ਕੇ ਲੈ ਜਾਂਦੇ ਹਨ ਪਰ ਪਾਣੀ ਦੀ ਸਪਲਾਈ ਦਾ ਕੁਝ ਵੀ ਨਹੀਂ ਕਰਦੇ। ਜਿੱਥੇ ਬੇਨਤੀ ਕਰਨ 'ਤੇ ਇਕ ਪਾਸੇ ਚਾਰ ਫੁੱਟ ਤੋਂ ਉਪਰ ਪਾਣੀ ਨਾ ਦੇਣ ਦੀ ਗੱਲ ਆਖ਼ੀ ਜਾਂਦੀ ਹੈ ਅਤੇ ਜ਼ਮੀਨ ਦੀ ਪੱਧਰ 'ਤੇ ਵੀ ਪਾਣੀ ਨਹੀਂ ਆਉਂਦਾ ਅਤੇ ਲੱਗਦੀਆਂ ਭਾਖੜਾ ਨੈਣਾ ਦੇਵੀ ਰੇਂਜ ਦੀਆਂ ਬਹੁਤ ਉਚੀਆਂ ਪਹਾੜੀਆਂ ਵਿੱਚ ਵਿਭਾਗਾਂ ਵੱਲੋਂ ਪਾਣੀ ਦੀ ਸਪਲਾਈ ਨਿਰਵਿਘਨ ਦਿੱਤੀ ਜਾ ਰਹੀ ਹੈ। ਵਾਰਡ ਨੰਬਰ ਚਾਰ ਦੇ ਵਸਨੀਕ ਅੰਜੂ ਦੇਵੀ, ਪੁਸ਼ਵਾ ਦੇਵੀ, ਪੂਜਾ ਦੇਵੀ, ਰੀਟਾ, ਹਰਜਿੰਦਰ ਕੌਰ, ਰੂਪਾ ਰਾਣੀ, ਬੀਨਾ ਰਾਣੀ, ਬਲਦੇਵ ਚੰਦ, ਸੁਭਮ, ਸੁਖਦੇਵ, ਜੋਗਿੰਦਰ ਸਿੰਘ , ਸੁਨੀਤਾ ਦੇਵੀ, ਰੇਸ਼ਮਾ, ਜਸਵੰਤ, ਜੀਤ ਰਾਮ ਆਦਿ ਸੱਭ ਵਸਨੀਕਾਂ ਦਾ ਕਹਿਣਾ ਹੈ ਕਿ ਪੀਣ ਵਾਲੇ ਪਾਣੀ ਦੀ ਬੇਹੱਦ ਦਿੱਕਤ ਹੋਣ ਕਰਕੇ ਪੀਣ ਜੋਗਾ ਪਾਣੀ ਵੀ ਮੁਸ਼ਕਲ ਨਾਲ ਆ ਰਿਹਾ ਹੈ। ਤਾਂ ਭਾਂਡੇ ਕੱਪੜੇ ਧੋਣ ਅਤੇ ਸਫਾਈ ਆਦਿ ਕਿਵੇਂ ਕੀਤੀ ਜਾਵੇ। ਉਨਾ ਨੇ ਕਿਹਾ ਕਿ ਸਥਾਨਕ ਐਮ ਸੀ ਰੋਜੀ ਸ਼ਰਮਾ ਕੋਲ ਅਨੇਕਾ ਵਾਰ ਸ਼ਿਕਾਇਤਾ ਕੀਤੀਆ ਹਨ ਪਰ ਹੁਣ ਤੱਕ ਕਮੇਟੀ ਨੇ ਕੋਈ ਹੱਲ ਨਹੀਂ ਕੀਤਾ। ਅਜਿਹਾ ਹੀ ਹਾਲ ਸੀਵਰੇਜ ਪ੍ਰਣਾਲੀ ਦੀ ਟੁੱਟ ਭੱਜ ਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਛੇਤੀ ਪਾਣੀ ਦਾ ਕੋਈ ਹੱਲ ਨਾ ਹੋਇਆ ਤਾਂ ਕਮੇਟੀ ਦਫਤਰ ਮੂਹਰੇ ਰੋਸ ਧਰਨਾ ਮਾਰਿਆ ਜਾਵੇਗਾ।

## ਸੀਟੂ ਦੇ ਸਮਾਗਮ 'ਚ ਬਾਬਾ ਬਕਾਲਾ ਤੋਂ ਵਰਕਰ ਸ਼ਾਮਿਲ ਹੋਣਗੇ :ਅਜਨਾਲਾ

**ਅੰਮ੍ਰਿਤਸਰ, 27 ਮਈ (ਜੋਗਿੰਦਰ ਪਾਲ ਸਿੰਘ ਕੁੰਦਰਾ )** : ਬੀਤੀ ਸ਼ਾਮ ਸੀਟੂ ਨਾਲ ਸੰਬਧਤ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਕਾ : ਗੁਰਦੀਪ ਸਿੰਘ ਜਨਰਲ ਸਕੱਤਰ ਭੱਠਾ ਮਜ਼ਦੂਰ ਯੂਨੀਅਨ ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ 30 ਮਈ 2019 ਨੂੰ ਸੀਟੂ ਦਾ 50 ਵਾ ਸਥਾਪਨਾ ਦਿਵਸ ਦਿੱਲੀ ਵਿਖੇ ਮਨਾਇਆ ਜਾ ਰਿਹਾ ਹੈ। ਜਿਸ 'ਚ ਤਹਿਸੀਲ ਬਾਬਾ ਬਕਾਲਾ ਤੋਂ ਵੱਡੀ ਗਿਣਤੀ ਵਰਕਰ ਸ਼ਾਮਿਲ ਹੋਣਗੇ। ਇਸ ਮੌਕੇ ਸੀਟੂ ਦੇ ਸੂਬਾਈ ਸਕੱਤਰ ਕਾ : ਸੁੱਚਾ ਸਿੰਘ ਅਜਨਾਲਾ, ਨਰਿੰਦਰ ਧੰਜਲ , ਦਿਆਲ ਸਿੰਘ ਕਲੇਰ, ਬਚਨ ਸਿੰਘ ਜਸਪਾਲ, ਦਲਬੀਰ ਸਿੰਘ, ਗੁਰਨਾਮ ਸਿੰਘ ਨੇ ਮੀਟਿੰਗ ਨੂੰ ਸੰਬੋਧਨ ਕੀਤਾ। ਬੁਲਾਰਿਆਂ ਨੇ ਸੀਟੂ ਵੱਲੋਂ ਪਿਛਲੇ ਸਮੇਂ ਦੌਰਾਨ ਲੜੀਆਂ ਗਈਆਂ ਲੜਾਈਆਂ ਤੇ ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਉਂਦਿਆਂ ਪੰਜਾਬ ਦੀ ਕਾਂਗਰਸ ਸਰਕਾਰ ਅਤੇ ਕੇਂਦਰ ਦੀ ਮੋਦੀ ਸਰਕਾਰ ਵਿਰੁੱਧ ਅਗਲੇ ਸੰਘਰਸ਼ ਲਈ ਹਰ ਸਮੇਂ ਤਿਆਰ ਰਹਿਣ ਦਾ ਸੱਦਾ ਦਿੱਤਾ। ਬੁਲਾਰਿਆਂ ਨੇ ਕਿਹਾ ਕਿ ਸਰਕਾਰਾਂ ਵਿਰੁੱਧ ਅਗਲਾ ਸੰਘਰਸ਼ ਇਸ ਲਈ ਜ਼ਰੂਰੀ ਹੈ ਕਿਉਂਕਿ ਕੇਂਦਰ 'ਚ ਮੋਦੀ ਸਰਕਾਰ ਦੁਬਾਰਾ ਆਉਣ ਨਾਲ ਲੋਕਾਂ ਦੀਆਂ ਮੁਸ਼ਕਿਲਾਂ 'ਚ ਬੜੀ ਤੇਜ਼ੀ ਨਾਲ ਹੋਰ ਵਾਧਾ ਹੋਵੇਗਾ।

## ਚੰਗੇ ਨਤੀਜਿਆਂ ਹਿੱਤ ਪ੍ਰਿੰ. ਦਾ ਸਿੱਖਿਆ ਵਿਭਾਗ ਵੱਲੋਂ ਸਨਮਾਨ



**ਮੌੜ ਮੰਡੀ:** ਪ੍ਰਿੰਸੀਪਲ ਸਿਕੰਦਰ ਸਿੰਘ ਬਰਾੜ ਪੂਰੇ ਸਟਾਫ਼ ਨਾਲ।

**ਮੌੜ ਮੰਡੀ, 27 ਮਈ (ਹਰਮਿੰਦਰ ਸਿੰਘ ਅਵਿਨਾਸ/ ਸੰਜੀਵ ਕੁਮਾਰ ਨੋਟੀ)** : ਸਿੱਖਿਆ ਜਗਤ ਵਿੱਚ ਪੰਜਾਬ ਸਿੱਖਿਆ ਬੋਰਡ ਦੇ ਸ਼ੈਸਨ 2018-19 ਦੀਆਂ ਦਸਵੀਂ ਅਤੇ ਬਾਰ੍ਹਵੀਂ ਕਲਾਸਾਂ ਦੇ ਚੰਗੇ ਪ੍ਰਦਰਸ਼ਨ ਵਾਲੇ ਸਕੂਲ ਮੁਖੀਆਂ ਨੂੰ ਉਤਸ਼ਾਹਿਤ ਕਰਨ ਹਿੱਤ ਮੁਹਾਲੀ ਵਿਖੇ ਸਨਮਾਨਿਤ ਕੀਤਾ ਗਿਆ ਜਿਸ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੌੜ ਖੁਰਦ ਦੇ ਮੁਖੀ ਸ੍ਰ. ਸਿਕੰਦਰ ਸਿੰਘ ਦਾ ਵੀ ਸਨਮਾਨ ਕੀਤਾ ਗਿਆ।

ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਪ੍ਰਿੰਸੀਪਲ ਸਿਕੰਦਰ ਸਿੰਘ ਨੇ ਕਿਹਾ ਕਿ ਇਹ ਸਾਰਾ ਸਿਹਰਾਂ ਸਮੂਹ ਸਟਾਫ਼ ਨੂੰ ਜਾਂਦਾ ਹੈ ਜਿੰਨਾਂ ਦੀ ਬਦੌਲਤ ਮੈਨੂੰ ਐਨਾ ਮਾਨ ਮਿਲਿਆ ਹੈ। ਸਕੂਲ ਪੀ.ਟੀ.ਏ. ਕਮੇਟੀ ਦੇ ਚੇਅਰਮੈਨ ਰਘੁਵੀਰ ਚੰਦ ਤੇ ਪਿੰਡ ਨਿਵਾਸੀਆਂ ਨੇ ਸਨਮਾਨ ਹਿੱਤ ਮੁਬਾਰਕਾ ਦਿੱਤੀਆਂ। ਸਮੂਚੀ ਜਾਣਕਾਰੀ ਸਕੂਲ ਦੇ ਕੋਆਡੀਨੇਟਰ ਗੁਰਪਿਅਰ ਸਿੰਘ ਕੰਪਿਊਟਰ ਫੈਕਲਿਟੀ ਤੇ ਹਰਸਦੀਪ ਅ/ਕ ਅਧਿਆਪਕ ਨੇ ਦਿੱਤੀ।

ਇਸ ਮੌਕੇ ਗਗਨਦੀਪ ਸਿੰਘ, ਪ੍ਰੀਤਮ ਸਿੰਘ, ਤ੍ਰਲੋਚਨ ਸਿੰਘ, ਅੰਜਲੀ, ਅਨੂ ਗੋਇਲ, ਮਨਮਿੰਦਰ ਕੌਰ, ਮਨਿੰਦਰ ਕੌਰ, ਹਰਵਿੰਦਰ ਕੌਰ, ਵੀਰਪਾਲ ਕੌਰ, ਅਮਿ ਸਿੰਘ, ਹਰਪ੍ਰੀਤ ਸਿੰਘ, ਸੁਰਿੰਦਰ ਕੁਮਾਰ ਆਦਿ ਨੇ ਦਿੱਤੀ।

## ਮਨਰੇਗਾ ਕਾਮਿਆਂ ਕੀਤਾ ਰੋਸ ਪ੍ਰਦਰਸ਼ਨ

### ਮਾਮਲਾ: ਬੀ.ਡੀ.ਪੀ.ਓ. ਦਫਤਰ ਵੱਲੋਂ ਮਿਹਨਤਾਨਾ ਨਾ ਦੇਣ ਦਾ



**ਕੋਟ ਈਸੇ ਖਾਂ, 27 ਮਈ (ਮਾਲੜਾ)** : ਧਰਮਕੋਟ ਅਤੇ ਕੋਟ ਈਸੇ ਖਾਂ ਦੇ ਆਲੇ-ਦੁਆਲੇ ਪਿੰਡਾਂ ਦੇ ਨਰੇਗਾ ਮਜ਼ਦੂਰਾਂ ਨੇ ਬਹੁਜਨ ਕ੍ਰਾਂਤੀ ਮੋਰਚਾ ਸੰਗਠਨ ਦੇ ਬੈਨਰ ਥੱਲ੍ਹੇ ਕੋਟ ਈਸੇ ਖਾਂ ਦਾਣਾ ਮੰਡੀ ਵਿਖੇ ਇੱਕਠੇ ਹੋਏ ਬੁਲਾਰਿਆਂ ਨੇ ਇਨ੍ਹਾਂ ਮਜ਼ਦੂਰਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਦਿਆਂ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਜੀਵਨ ਤੇ ਫਿਲਾਸਫੀ ਤੋਂ ਜਾਣੂ ਕਰਵਾਉਂਦਿਆ ਉਨ੍ਹਾਂ ਨੂੰ ਪੜ੍ਹੋ, ਜੁੜੋ, ਸੰਘਰਸ਼ ਕਰਨ ਦਾ ਨਾਅਰਾ ਬੁਲੰਦ ਕਰਨ ਲਈ ਪ੍ਰੇਰਿਤ ਕੀਤਾ। ਉਪਰੰਤ ਮੇਨ ਚੌਂਕ ਵਿਖੇ ਰੋਸ ਮੁਜ਼ਾਹਰਾ ਕਰਦਿਆਂ ਹੋਏ ਚੱਕਾ ਜਾਮ ਕੀਤਾ। ਵੱਖ-ਵੱਖ ਪਿੰਡਾਂ ਦੇ ਵਰਕਰ ਪਹਿਲਾਂ ਕੋਟ ਈਸੇ ਖਾਂ ਵਿਖੇ ਵਿਸ਼ਾਲ ਇਕੱਠ ਕਰਦਿਆਂ ਮੇਨ ਚੌਂਕ ਵਿਖੇ ਰੋਸ ਮੁਜ਼ਾਹਰਾ ਕਰਦਿਆਂ ਹੋਏ ਚੱਕਾ ਜਾਮ ਕੀਤਾ। ਵੱਖ ਵੱਖ ਪਿੰਡਾਂ ਦੇ ਮਨਰੇਗਾ ਕਾਮਿਆ ਨੇ ਬੀ.ਡੀ.ਪ.ਓ. ਦਫਤਰ ਦੇ ਕੁਝ ਮੁਲਾਜ਼ਮਾਂ ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਨ੍ਹਾਂ ਨਾਲ ਕੰਮ ਦੇਣ ਦੇ ਸਬੰਧ ਵਿੱਚ ਵਿਤਕਰਾ ਕੀਤਾ ਜਾਂਦਾ ਹੈ ਤੇ ਪਿਛਲੇ ਕਈ ਸਮੇਂ ਤੋਂ ਉਨ੍ਹਾਂ ਨੂੰ ਕੀਤੇ ਕੰਮਾਂ ਦੇ ਰੁਪਏ ਵੀ ਨਹੀਂ ਮਿਲੇ।

ਧਰਨੇ ਦਾ ਪਤਾ ਲੱਗਦਿਆਂ ਹੀ ਨਾਇਬ ਤਹਿਸੀਲਦਾਰ ਮਨਿੰਦਰਪਾਲ ਅਤੇ ਥਾਣਾ ਮੁਖੀ ਦੇਵ ਪ੍ਰਕਾਸ਼ ਪੁਲਿਸ ਪਾਰਟੀ ਸਮੇਤ ਪੁਹੰਚੇ ਤੇ ਮਜ਼ਦੂਰਾਂ ਨਾਲ ਗੱਲਬਾਤ ਕੀਤੀ। ਧਰਨਾਕਾਰਿਆਂ ਵੱਲੋਂ ਬੀ.ਡੀ.ਪੀ.ਓ. ਦਫਤਰ ਤੋਂ ਏ.ਪੀ.ਓ. ਨੂੰ ਬੁਲਾਉਣ ਦੀ ਮੰਗ ਕੀਤੀ ਗਈ। ਜਿਸ 'ਤੇ ਏ.ਪੀ.ਓ. ਜਗਦੀਪ ਸਿੰਘ ਮੌਕਾ 'ਤੇ ਪੁਹੰਚੇ।

ਧਰਨੇ 'ਚ ਦਰਸ਼ਨ ਸਿੰਘ ਡਗਰੂ, ਗੁਰਜੰਟ ਸਿੰਘ ਰੰਡਿਆਲਾ, ਜਸਵਿੰਦਰ ਕੌਰ ਰੰਡਿਆਲਾ, ਬਲਵਿਜੰਦਰ ਕੌਰ, ਹਰਜੀਤ ਸਿੰਘ, ਚਰਨਜੀਤ ਕੌਰ, ਸ਼ਿਵ ਧਾਲੀਵਾਲ, ਸੁਖਵੀਰ ਸਿੰਘ, ਰਣਜੀਤ ਸਿੰਘ, ਨਾਹਰ ਸਿੰਘ, ਕਿੱਕਰ ਸਿੰਘ , ਅਜਮੇਰ ਸਿੰਘ, ਕੁਲਵਿੰਦਰ ਕੌਰ, ਕਮਲ ਕੌਰ, ਸੋਹਣਜੀਤ ਸਿੰਘ, ਚਰਨਜੀਤ ਕੌਰ, ਗੁਰਪ੍ਰੀਤ ਕੌਰ, ਚਰਨਜੀਤ ਕੌਰ, ਰਾਜ ਕੌਰ, ਸਰਬਜੀਤ ਕੌਰ, ਸਨਦੀਪ ਕੌਰ, ਕੁਲਦੀਪ ਕੌਰ, ਹਰਜਿੰਦਰ ਸਿੰਘ, ਕੁਲਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਮਨਰੇਗਾ ਕਾਮੇ ਹਾਜ਼ਰ ਸਨ। ਜਿੰਨ੍ਹਾਂ ਨੇ ਏ.ਪੀ.ਓ. ਨੂੰ ਕੰਮ ਦੇਣ 'ਚ ਕੀਤੇ ਜਾ ਰਹੇ ਵਿਤਕਰੇ, ਕੀਤੇ ਹੋਏ ਕੰਮਾਂ ਦੀ ਅਦਾਇਗੀ ਨਾ ਹੋਣ ਸਬੰਧੀ ਮੰਗਾਂ ਤੋਂ ਜਾਣੂ ਕਰਵਾਇਆ।

ਏ.ਪੀ.ਓ. ਜਗਦੀਪ ਸਿੰਘ ਉਨ੍ਹਾਂ ਨੂੰ ਸਮਝਾਉਂਦੇ ਹੋਏ ਕਿਹਾ ਕਿ ਜਿਸ ਕਿਸੇ ਮਨਰੇਗਾ ਕਾਮੇ ਨੂੰ ਕੰਮ ਨਹੀਂ ਮਿਲਿਆ ਅਤੇ ਅਜੇ ਤੱਕ ਪੇਮੈਂਟਾਂ ਨਹੀਂ ਮਿਲੀਆਂ ਉਹ 1-2 ਦਿਨ 'ਚ ਆਪਣੀਆਂ ਲਿਸ਼ਟਾਂ ਬਣਾ ਕੇ ਇੱਕ ਹਫਤੇ 'ਚ ਦੇਣ ਤਾਂ ਜੋ ਇਸ ਦਾ ਕੋਈ ਹੱਲ ਕੀਤਾ ਜਾ ਸਕੇ। ਨਾਇਬ ਤਹਿਸੀਲਦਾਰ ਮਨਿੰਦਰਪਾਲ ਸਿੰਘ ਵੱਲੋਂ ਏ.ਪੀ.ਓ. ਵੱਲੋਂ ਦਿੱਤੇ ਗਏ ਇਸ ਭਰੋਸੇ ਦੇ ਆਧਾਰ 'ਤੇ ਧਰਨਾਕਾਰੀਆਂ ਵੱਲੋਂ ਧਰਨਾ ਚੁੱਕ ਲਿਆ ਗਿਆ।

## ਅਧਿਕਾਰੀ ਬਦਲੇ

**ਚੰਡੀਗੜ੍ਹ, 27 ਮਈ ( ਪ.ਪ.)**: ਹਰਿਆਣਾ ਸਰਕਾਰ ਨੇ ਅੱਜ ਤੁਰੰਤ ਪ੍ਰਭਾਵ ਨਾਲ ਤਿੰਨ ਐਚਸੀਐਸ ਅਧਿਕਾਰੀਆਂ ਦੇ ਤਬਾਦਲੇ ਤੇ ਨਿਯੁਕਤੀ ਆਦੇਸ਼ ਜਾਰੀ ਕੀਤੇ ਹਨ। ਸਿਹਤ ਵਿਭਾਗ ਦੇ ਵਧੀਕ ਸਕੱਤਰ, ਹਰਿਆਣਾ ਸੇਵਾ ਦਾ ਅਧਿਕਾਰੀ ਕਮਿਸ਼ਨ ਦੇ ਸਕੱਤਰ, ਮੈਡੀਕਲ ਸਿਖਿਆ ਅਤੇ ਖੋਜ ਵਿਭਾਗ ਦੇ ਵਧੀਕ ਸਕੱਤਰ, ਪ੍ਰਧਾਨ ਮੰਤਰੀ ਕਿਸਾਨ ਯੋਜਨਾ ਦੇ ਨੋਡਲ ਅਧਿਕਾਰੀ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਨਿਰਦੇਸ਼ਾਲਯ ਵਿਚ ਸਬੰਧਤ ਕੰਮ ਦੇ ਅਧਿਕਾਰੀ ਯੋਗੇਸ਼ ਕੁਮਾਰ ਮਹਿਤਾ ਨੂੰ ਆਪਣੇ ਮੌਜੂਦਾ ਕਾਰਜਭਾਰ ਤੋਂ ਇਲਾਵਾ, ਹਰਿਆਣਾ ਲੋਕ ਸੇਵਾ ਕਮਿਸ਼ਨ ਦਾ ਵਧੀਕ ਸਕੱਤਰ ਨਿਯੁਕਤ ਕੀਤਾ ਹੈ। ਨਿਯੁਕਤੀ ਦੀ ਉਡੀਕ ਕਰ ਰਹੇ ਸੰਦੀਪ ਸਿੰਘ ਨੂੰ ਆਯੂਸ਼ਮਾਨ ਭਾਰਤ-ਹਰਿਆਣਾ ਸਿਹਤ ਸੰਰਖਣ ਅਥਾਰਿਟੀ ਦਾ ਵਧੀਕ ਮੁੱਖ ਕਾਰਜਕਾਰੀ ਅਧਿਕਾਰੀ ਲਗਾਇਆ ਹੈ। ਨਿਯੁਕਤੀ ਦੀ ਉਡੀਕ ਕਰ ਰਹੇ ਸੰਜੈ ਕੁਮਾਰ ਨੂੰ ਨਗਰ ਨਿਗਮ ਪਾਣੀਪਤ ਦਾ ਸੰਯੁਕਤ ਕਮਿਸ਼ਨਰ ਨਿਯੁਕਤ ਕੀਤਾ ਹੈ।


## ਸਟੀਲ ਸਟਰਿੱਪਸ ਵੀਲ੍ਹਸ ਲਿਮਟਿਡ

STEEL STRIPS GROUP

CIN: L27107PB1985PLC006159
ਰਜਿ. ਦਫ਼ਤਰ : ਪਿੰਡ ਸੁਮਾਲਹੇੜੀ/ਲੇਹਲੀ, ਡਾਕਖਾਨਾ ਦੱਪੜ ਤਹਿਸੀਲ ਡੇਰਾਬਸੀ ਜ਼ਿਲ੍ਹਾ ਮੋਹਾਲੀ, ਪੰਜਾਬ
ਫੋਨ : +91-172-2793112. Fax: +91-172-2794834
Email: ssl_ssg@glide.net.in. Web Site: www.sswlindia.com

### ਮਿਤੀ 31-3-2019 ਨੂੰ ਖ਼ਤਮ ਹੋਏ ਤਿਮਾਹੀ ਅਤੇ ਸਾਲ ਦੇ ਸਟੈਂਡਅਲੋਨ ਪੜਤਾਲੇ ਵਿੱਤੀ ਨਤੀਜਿਆਂ ਦਾ ਵੇਰਵਾ

(ਰੁਪਏ ਲੱਖਾਂ 'ਚ) ਈਪੀਐਸ ਨੂੰ ਛੱਡ ਕੇ

| ਲੜੀ ਨੰ. | ਵੇਰਵੇ | ਤਿਮਾਹੀ ਖਾਤਮਾ | | | ਸਾਲ ਖਾਤਮਾ | |
|---|---|---|---|---|---|---|
| | | 31.03.2019 | 31.12.2018 | 31.03.2018 | 31.03.2019 | 31.03.2018 |
| | | ਪੜਤਾਲੇ | ਅਣਪੜਤਾਲੇ | ਪੜਤਾਲੇ | ਪੜਤਾਲੇ | ਪੜਤਾਲੇ |
| 1. | ਕਾਰੋਬਾਰ ਤੋਂ ਕੁੱਲ ਆਮਦਨ | 52,664.77 | 48,265.59 | 43,108.06 | 204,118.84 | 155,715.80 |
| 2. | ਸ਼ੁੱਧ ਲਾਭ/(ਘਾਟਾ) ਸਮੇਂ ਲਈ (ਟੈਕਸ, ਵਾਧੂ ਅਤੇ/ਜਾਂ ਅਸਧਾਰਨ ਵਸਤੂਆਂ ਤੋਂ ਪਹਿਲਾਂ) | 2,562.69 | 2,695.47 | 2,945.74 | 10,888.48 | 9,716.44 |
| 3. | ਸ਼ੁੱਧ ਲਾਭ/(ਘਾਟਾ) ਸਮੇਂ ਲਈ ਟੈਕਸ ਤੋਂ ਪਹਿਲਾਂ (ਵਾਧੂ ਅਤੇ/ਜਾਂ ਅਸਧਾਰਨ ਵਸਤੂਆਂ ਤੋਂ ਬਾਅਦ) | 2,562.67 | 2,695.47 | 2,945.66 | 10,888.46 | 9,707.62 |
| 4. | ਸ਼ੁੱਧ ਲਾਭ/(ਘਾਟਾ) ਸਮੇਂ ਲਈ ਟੈਕਸ ਤੋਂ ਬਾਅਦ (ਵਾਧੂ ਅਤੇ/ਜਾਂ ਅਸਧਾਰਨ ਵਸਤੂਆਂ ਤੋਂ ਬਾਅਦ) | 1,991.85 | 1,962.93 | 2,239.52 | 8,235.59 | 7,509.14 |
| 5. | ਕੁੱਲ ਵਿਆਪਕ ਆਮਦਨ ਸਮੇਂ ਲਈ (ਜਿਸ ਵਿੱਚ ਸ਼ਾਮਲ ਲਾਭ/ਘਾਟਾ) ਸਮੇਂ ਲਈ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ) | 1,976.74 | 2,008.87 | 2,398.25 | 8,213.94 | 7,575.05 |
| 6. | ਸੁਨੀਤੀ ਸ਼ੇਅਰ ਪੂੰਜੀ | 1,558.97 | 1,558.97 | 1,555.63 | 1,558.97 | 1,555.63 |
| 7. | ਰਾਖਵੇਂ (ਮੁਲਾਂਕਣ ਰਾਖਵੇਂ ਤੋਂ ਇਲਾਵਾ) ਜਿਵੇਂ ਕਿ ਪੜਤਾਲ ਕੀਤੀ ਪਿਛਲੇ ਸਾਲ ਦੀ ਬੇਲੈਂਸ ਸੀਟ 'ਚ ਦਰਸਾਇਆ ਹੈ | – | – | – | – | -- |
| 8. | ਪ੍ਰਤੀ ਸ਼ੇਅਰ ਆਮਦਨ (ਰੁਪਏ 10/- ਹਰੇਕ ) (ਚਾਲੂ ਅਤੇ ਗੈਰ ਚਾਲੂ ਕਾਰਵਾਈਆਂ) | | | | | |
| | ਮੂਲ | 12.78 | 12.60 | 14.40 | 52.88 | 48.28 |
| | ਸ਼ੋਧੇ ਹੋਏ | 12.18 | 12.02 | 14.37 | 50.74 | 48.18 |

**ਨੋਟ** : ਉਪਰੋਕਤ ਦਰਸ਼ਾਏ ਅੰਕੜੇ ਤਿਮਾਹੀ ਅਤੇ ਸਾਲਾਨਾ ਵਿੱਤੀ ਨਤੀਜੇ ਜੋ ਕਿ ਸੇਬੀ (ਲਿਸਟਿੰਗ ਓਬਲੀਗੇਸ਼ਨ ਐਂਡ ਡਿਸਕਲੋਜ਼ਰ ਰਿਕੁਆਰਮੈਂਟਸ) ਰੈਗੂਲੇਸ਼ਨ 2015 ਦੇ ਰੈਗੂਲੇਸ਼ਨ 33 ਤਹਿਤ ਸਟਾਕ ਐਕਸਚੇਂਜ ਵਿਖੇ ਦਰਸ਼ਾਏ ਗਏ ਵੇਰਵੇ ਦਾ ਸਾਰ ਹੈ। ਤਿਮਾਹੀ ਅਤੇ ਸਾਲ ਦੇ ਪੜਤਾਲੇ ਵਿੱਤੀ ਨਤੀਜਿਆਂ ਦਾ ਪੂਰਾ ਵੇਰਵਾ ਸਟਾਕ ਐਕਸਚੇਂਜ ਦੀ ਵੈਬਸਾਈਟ www.bseindia.com ਅਤੇ www.nseindia.com ਅਤੇ ਕੰਪਨੀ ਦੀ ਵੈਬਸਾਇਟ ਜੋ ਕਿ http://www.sswlindia.com/pages/quarterly_reports.htm 'ਤੇ ਵੀ ਉਪਲੱਬਧ ਹੈ।

**ਲਈ ਸਟੀਲ ਸਟਰੀਪਸ ਵੀਲ੍ਹਸ ਲਿਮਿਟਡ**
**ਸਹੀ/-**
**ਅੰਧਰਾ ਵਿਤੀਲ ਉਨੀਕ੍ਰਿਸ਼ਨਨ**
**ਡਿਪਟੀ ਮੈਨੇਜਿੰਗ ਡਾਇਰੈਕਟਰ।**

**ਸਥਾਨ: ਚੰਡੀਗੜ੍ਹ**
**ਮਿਤੀ 27-5-2019**



## ਦਫ਼ਤਰ ਜ਼ਿਲ੍ਹਾ ਪ੍ਰੀਸ਼ਦ, ਮਾਨਸਾ

### ਨਿਲਾਮੀ ਨੋਟਿਸ

ਆਮ ਜਨਤਾ ਅਤੇ ਚਾਹਵਾਨ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਦੀਆਂ 2 ਦੁਕਾਨਾਂ ਜੋ ਕਿ ਪਿੰਡ ਭੈਣੀ ਬਾਘਾ ਵਿਖੇ ਹਨ, ਨੂੰ ਤਿੰਨ ਸਾਲਾਂ ਦੇ ਸਮੇਂ ਲਈ ਬੋਲੀ ਰਾਹੀਂ ਲਾਈਸੰਸ 'ਤੇ ਦਿੱਤਾ ਜਾਣਾ ਹੈ। ਇਸ ਸੰਬਧੀ ਬੋਲੀ ਮਿਤੀ 10-6-2019 ਨੂੰ ਸਵੇਰੇ 11.00 ਨੇੜੇ ਰਾਧਾ ਸੁਆਮੀ ਸਤਿਸੰਗ ਘਰ, ਪਿੰਡ ਭੈਣੀ ਬਾਘਾ ਵਿਖੇ ਕੀਤੀ ਜਾਵੇਗੀ। ਚਾਹਵਾਨ ਵਿਅਕਤੀ ਇਸ ਬੋਲੀ ਵਿੱਚ ਹਿਸਾ ਲੈ ਸਕਦੇ ਹਨ। ਬੋਲੀ ਦੇਣ ਲਈ 5,000/ਰੁ. ਦੀ ਰਕਮ ਸਕਿਊਰਟੀ ਵਜੋਂ ਜਮ੍ਹਾਂ ਕਰਵਾਈ ਜਾਵੇਗੀ। ਬਾਕੀ ਸ਼ਰਤਾਂ ਕਿਸੇ ਵੀ ਕੰਮ ਵਾਲੇ ਦਿਨ ਦਫ਼ਤਰ ਜ਼ਿਲ੍ਹਾ ਪ੍ਰੀਸ਼ਦ, ਮਾਨਸਾ ਵਿਖੇ ਵੇਖੀਆਂ ਜਾ ਸਕਦੀਆਂ ਹਨ।

**ਮੁੱਖ ਕਾਰਜਕਾਰੀ ਅਫ਼ਸਰ,**
**ਜ਼ਿਲ੍ਹਾ ਪ੍ਰੀਸ਼ਦ, ਮਾਨਸਾ।**